

See The Possibilities

**ਅੱਖਾਂ ਦੀਆਂ ਪੰਜ ਵੱਡੀਆਂ ਗੰਭੀਰ ਸਥਤਿੀਆਂ**

# ਮੋਤੀਆਬਦਿ ਬਦਿ


60 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਵਿੱਚ ਆਮ ਹੈ, ਮੋਤੀਆ ਉਦੋਂ ਹੁੰਦਾ ਹੈ ਜਦੋਂ ਅੱਖ ਦੇ ਪਛਿਲੇ ਪਾਸੇ ਦਾ ਲੈਂਸ ਧੁੰਦਲਾ ਹੋ ਜਾਂਦਾ ਹੈ।

## ਮੋਤੀਆ-ਬਦਿ ਕੀ ਹੈ?

ਤੁਹਾਡੀ ਅੱਖ ਕਾਫ਼ੀ ਹੱਦ ਤੱਕ ਇੱਕ ਕੈਮਰੇ ਦੀ ਤਰ੍ਹਾਂ ਕੰਮ ਕਰਦੀ ਹੈ। ਰੋਸ਼ਨੀ ਦੀਆਂ ਕਰਿਨਾਂ ਤੁਹਾਡੇ ਲੈਂਸ ਰਾਹੀਂ ਰੈਟੀਨਾ ‘ਤੇ ਕੇਂਦਰਤਿ ਹੁੰਦੀਆਂ ਹਨ, ਜੋ ਕਿ ਅੱਖ ਦੇ ਪਛਿਲੇ ਪਾਸੇ ਰੋਸ਼ਨੀ ਲਈ ਸੰਵੇਦਨਸ਼ੀਲ ਸੈਲਾਂ ਦੀ ਇੱਕ ਪਰਤ ਹੁੰਦੀ ਹੈ। ਫੋਟੋਗ੍ਰਾਫੀ ਫਲਿਮ ਦੇ ਸਮਾਨ, ਰੈਟੀਨਾ ਦਮਿਾਗ ਦੇ ਦੁਆਰਾ ਇੱਕ ਤਸਵੀਰ ਨੂੰ “ਦੇਖਣ” ਦੀ ਸਹੂਲਤ ਦਦਿਾ ਹੈ।


ਸਮੇਂ ਦੇ ਨਾਲ, ਜਦੋਂ ਲੈਂਸ ਵਚਿਲੇ ਸਧਾਰਨ ਪ੍ਰੋਟੀਨ ਟੁੱਟਣੇ ਸ਼ੁਰੂ ਹੋ ਜਾਂਦੇ ਹਨ ਤਾਂ ਤੁਹਾਡੀ ਅੱਖ ਦੇ ਲੈਂਸ ਧੁੰਦਲੇ ਹੋ ਜਾਂਦੇ ਹਨ। ਇਹ ਰੋਸ਼ਨੀ ਦੀਆਂ ਕਰਿਨਾਂ ਨੂੰ ਲੈਂਸ ਤੋਂ ਪਾਰ ਜਾਣ ਤੋਂ ਰੋਕਦੇ ਹਨ। ਜਦੋਂ ਲੈਂਸ ਇਹਨਾਂ ਜ਼ਆਿਦਾ ਧੁੰਦਲਾ ਹੋ ਜਾਂਦਾ ਹੈ ਕਿ ਨਜ਼ਰ ਦੇ ਇੱਕ ਵੱਡੇ ਹਸਿੇ ਨੂੰ ਰੋਕ ਲੈਂਦਾ ਹੈ ਤਾਂ, ਇਸ ਨੂੰ ਮੋਤੀਆ-ਬਦਿ ਕਹਿਾ ਜਾਂਦਾ ਹੈ।

### ਸਧਾਰਨ ਅੱਖ





ਇੱਕ ਸਹਿਤਮੰਦ ਲੈਂਸ ਰੈਟੀਨਾ ਦੇ ਸਾਰੇ ਭਾਗਾਂ ਨੂੰ ਪ੍ਰਤਬਿੰਬਿ ਪ੍ਰਾਪਤ ਕਰਨ ਦਦਿਾ ਹੈ।

### ਮੋਤੀਆ-ਬਦਿ ਵਾਲੀ ਅੱਖ



ਨਜ਼ਰ ਨੂੰ ਪ੍ਰਭਾਵਤਿ ਕਰਨ ਵਾਲਾ ਅੱਖ ਦੇ ਲੈਂਸ ਦਾ ਧੁੰਦਲਾਪਣ। ਧੁੰਦਲਾ ਲੈਂਸ ਰੋਸ਼ਨੀ ਨੂੰ ਬਖਿਰਦਾ ਹੈ ਜਸਿ ਨਾਲ ਪ੍ਰਤਬਿੰਬਿ ਅਸਪਸ਼ਟ ਅਤੇ ਫੋਕਸ ਤੋਂ ਬਾਹਰ ਬਣਦਾ ਹੈ।





**ਮੋਤੀਆ-ਬਦਿ ਕਾਰਨ ਧੁੰਦਲੀ ਹੋਈ ਨਜ਼ਰ**



ਮੋਤੀਆ-ਬਦਿ ਆਮ ਤੌਰ ‘ਤੇ ਹੌਲੀ-ਹੌਲੀ ਵਕਿਸਤਿ ਹੁੰਦਾ ਹੈ, ਜਸਿ ਨਾਲ ਇੱਕ ਹੌਲੀ ਅਤੇ ਦਰਦ ਰਹਤਿ ਤਰੀਕੇ ਨਾਲ ਨਜ਼ਰ ਘੱਟਦੀ ਹੈ। ਤੁਸੀਂ ਜਹਿੜੇ ਬਦਲਾਅ ਅਨੁਭਵ ਕਰ ਸਕਦੇ ਹੋ ਉਹਨਾਂ ਵਚਿ ਸ਼ਾਮਲ ਹਨ:

- ਧੁੰਦਲਾ ਦਖਿਾਈ ਦੇਣਾ
- ਲਸ਼ਿਕਾਰੇ, ਖ਼ਾਸ ਕਰਕੇ ਰਾਤ ਨੂੰ
- ਤੁਹਾਡੀ ਨਰਿਧਾਰਤਿ ਐਨਕ ਵਚਿ ਬਾਰ-ਬਾਰ ਬਦਲਾਅ
- ਰੰਗਾਂ ਦੀ ਤੀਬਰਤਾ ਘੱਟ ਜਾਣਾ
- ਤਸਵੀਰਾਂ ਦਾ ਪੀਲਾ ਹੋਣਾ
- ਦੂਰ ਦੀ ਨਜ਼ਰ (ਪ੍ਰੈਸਬਾਇਓਪਕਿ) ਵਾਲੇ ਲੋਕਾਂ ਲਈ ਨੇੜੇ ਦੀ ਨਜ਼ਰ ਦਾ ਬਹਿਤਰ ਹੋਣਾ
- ਨੇੜੇ ਦੀ ਨਜ਼ਰ (ਮਾਇਓਪਕਿ) ਵਾਲੇ ਲੋਕਾਂ ਲਈ ਦੂਰ ਦੀ ਨਜ਼ਰ ਦਾ ਘੱਟ ਜਾਣਾ

ਪਾਰਦਰਸ਼ਤਿਾ ਦਾ ਨੁਕਸਾਨ ਇੰਨਾ ਘੱਟ ਹੋ ਸਕਦਾ ਹੈ ਕ ਿਨਜ਼ਰ ਬਲਿਕੁਲ ਵੀ ਪ੍ਰਭਾਵਤਿ ਨਹੀਂ ਹੁੰਦੀ, ਜਾਂ ਇਹ ਇੰਨਾ ਗੰਭੀਰ ਹੋ ਸਕਦਾ ਹੈ ਕ ਿਕੋਈ ਆਕਾਰ ਜਾਂ ਹਲਚਲ ਦਖਿਾਈ ਨਹੀਂ ਦਦਿੀ – ਬਸ ਸਰਿਫ ਰੋਸ਼ਨੀ ਅਤੇ ਹਨੇਰਾ ਦਸਿਦਾ ਹੈ।

## ਮੋਤੀਆ-ਬਦਿ ਹੋਣ ਦੇ ਕੀ ਕਾਰਨ ਹਨ?

ਮੋਤੀਆ-ਬਦਿ ਹੋਣ ਦਾ ਸਭ ਤੋਂ ਆਮ ਕਾਰਨ ਬੁਢਾਪਾ ਹੈ। ਆਮ ਤੌਰ ‘ਤੇ 40 ਸਾਲ ਦੀ ਉਮਰ ਦੇ ਆਸ-ਪਾਸ ਅੱਖ ਵਚਿ ਬਦਲਾਅ ਹੋਣੇ ਸ਼ੁਰੂ ਹੋ ਜਾਂਦੇ ਹਨ। 60 ਸਾਲ ਤੋਂ ਵੱਧ ਦੀ ਉਮਰ ਦੇ ਲੋਕ ਆਮ ਤੌਰ ‘ਤੇ ਲੈਂਸ ਦਾ ਕੁਝ ਧੁੰਦਲਾਪਣ ਮਹਸਿੂਸ ਕਰਨਾ ਸ਼ੁਰੂ ਕਰ ਦਦਿੇ ਹਨ। ਕਈ ਵਾਰ ਬੱਚੇ ਵੀ ਮੋਤੀਆ-ਬਦਿ ਦੇ ਨਾਲ ਪੈਦਾ ਹੁੰਦੇ ਹਨ।

### ਜੋਖਮ ਦੇ ਕਾਰਕ

ਹੇਠਾਂ ਦਤਿੇ ਕਾਰਨਾਂ ਕਰਕੇ ਮੋਤੀਆ-ਬਦਿ ਹੋ ਸਕਦਾ ਹੈ:

- 60 ਸਾਲਾਂ ਤੋਂ ਵੱਧ ਉਮਰ
- ਅੱਖ ਦੀ ਸੱਟ
- ਕੁਝ ਦਵਾਈਆਂ (ਉਦਾ. ਸਟੀਰੌਇਡ)
- ਪ੍ਰਣਾਲੀ ਸੰਬੰਧੀ ਬਮਿਾਰੀ ਜਵਿੇਂ ਕ ਿਸ਼ੱਕਰ ਰੋਗ
- ਤੰਬਾਕੂਨੋਸ਼ੀ ਕਰਨਾ
- ਧੁੱਪ ਦੀ ਐਨਕ ਦੇ ਬਨਿਾਂ ਕਾਫੀ ਜ਼ਆਿਦਾ ਸਮਾਂ ਧੁੱਪ ਵਚਿ ਬਤਿਾਉਣਾ, ਜੋ ਕ ਿਤੁਹਾਡੀ ਅੱਖਾਂ ਨੂੰ ਪਰਾ ਬੈਂਗਣੀ (UV) ਕਰਿਨਾਂ ਤੋਂ ਬਚਾਉਂਦੀ ਹੈ
- ਪਰਵਿਾਰ ਦੇ ਨਜ਼ਦੀਕੀ ਸਦੱਸਾਂ ਨੂੰ ਮੋਤੀਆ-ਬਦਿ ਹੋਣਾ



ਚੌੜੇ-ਕਨਿਾਰੇ ਵਾਲੀ ਟੋਪੀ ਅਤੇ ਧੁੱਪ ਦੀਆਂ ਐਨਕਾਂ ਪਹਨਿ ਕੇ ਪਰਾ-ਬੈਂਗਣੀ ਰੋਸ਼ਨੀ ਨਾਲ ਸੰਪਰਕ ਨੂੰ ਘਟਾ ਕੇ ਮੋਤੀਆ-ਬਦਿ ਵਕਿਸਤਿ ਹੋਣ ਦੇ ਖਤਰੇ ਨੂੰ ਕਾਫੀ ਘਟਾਇਆ ਜਾ ਸਕਦਾ ਹੈ, ਪਰ ਇੱਕ ਵਾਰ ਇਸਦੇ ਵਕਿਸਤਿ ਹੋ ਜਾਣ ‘ਤੇ ਇਸ ਨੂੰ ਸਰਜਰੀ ਨਾਲ ਹਟਾਉਣ ਤੋਂ ਇਲਾਵਾ ਕੋਈ ਇਲਾਜ ਨਹੀ।



## ਮੋਤੀਆ-ਬਿੰਦ ਦਾ ਨਿਦਾਨ ਕਿਵੇਂ ਹੁੰਦਾ ਹੈ?


ਇਹ ਦੇਖਣ ਲਈ ਕਿ ਕੀ ਤੁਹਾਨੂੰ ਮੋਤੀਆ-ਬਿੰਦ ਹੈ, ਤੁਹਾਡਾ ਅੱਖਾਂ ਦਾ ਡਾਕਟਰ ਤੁਹਾਡੇ ਚਿਕਿਤਸਾ ਇਤਿਹਾਸ ਅਤੇ ਤੁਹਾਡੇ ਲੱਛਣਾਂ ਬਾਰੇ ਪੁੱਛੇਗਾ। ਉਹ ਤੁਹਾਡੀ ਅੱਖ ਦੀ ਜਾਂਚ ਕਰੇਗਾ ਅਤੇ ਹੇਠਾਂ ਦਿੱਤੇ ਤੁਹਾਡੇ ਕੁਝ ਪਰੀਖਣ ਵੀ ਕਰੇਗਾ:

### ਦ੍ਰਸ਼ਿਟੀ ਤੀਖਣਤਾ ਦਾ ਪਰੀਖਣ

ਇਹ ਪਰੀਖਣ ਤੁਹਾਡੇ ਅੱਖ ਦੇ ਡਾਕਟਰ ਨੂੰ ਇਹ ਦੇਖਣ ਵਿੱਚ ਮਦਦ ਕਰਦਾ ਹੈ ਕਿ ਕੀ ਤੁਹਾਡੀ ਨਜ਼ਰ ਵਿੱਚ ਕੋਈ ਖਰਾਬੀ ਆਈ ਹੈ। ਇਸ ਵਿੱਚ ਤੁਹਾਨੂੰ ਇੱਕ ਆਈ ਚਾਰਟ ਵੱਲ ਦੇਖਣ ਅਤੇ ਪੜ੍ਹਨ ਲਈ ਕਿਹਾ ਜਾਂਦਾ ਹੈ ਜਿਸ ਉੱਤੇ ਵੱਖੋ-ਵੱਖਰੇ ਆਕਾਰ ਦੇ ਅੱਖਰ ਲਿਖੇ ਹੁੰਦੇ ਹਨ। ਡਾਕਟਰ ਇੱਕ ਸਮੇਂ ‘ਤੇ ਤੁਹਾਡੀ ਇੱਕ ਅੱਖ ਦੀ ਹੀ ਜਾਂਚ ਕਰੇਗਾ, ਅਤੇ ਦੂਜੀ ਨੂੰ ਢੱਕ ਦੇਵੇਗਾ।

### ਸਲਿਟ-ਲੈਂਪ ਪਰੀਖਣ

ਸਲਿਟ-ਲੈਂਪ ਨਾਲ ਡਾਕਟਰ ਤੁਹਾਡੀ ਅੱਖ ਦੇ ਵੱਖੋ-ਵੱਖਰੇ ਭਾਗਾਂ (ਕੌਰਨਿਆ, ਪੁਤਲੀ, ਅਤੇ ਲੈਂਸ) ਨੂੰ ਨੇੜੇ ਤੋਂ ਦੇਖ ਕੇ ਪਤਾ ਲਗਾ ਸਕਦਾ ਹੈ ਕਿ ਕੀ ਕੋਈ ਸਮੱਸਿਆਵਾਂ ਹਨ। ਇਸ ਯੰਤਰ ਨੂੰ “ਸਲਿਟ-ਲੈਂਪ”ਕਿਹਾ ਜਾਂਦਾ ਹੈ ਕਿਉਂਕਿ ਇਹ ਅੱਖ ਦੇ ਵੱਖਰੇ ਭਾਗਾਂ ਨੂੰ ਰੋਸ਼ਨ ਕਰਨ ਲਈ ਰੋਸ਼ਨੀ ਦੀ ਇੱਕ ਚਮਕੀਲੀ ਕਿਰਨ ਦੀ ਵਰਤੋਂ ਕਰਦਾ ਹੈ।



## ਮੋਤੀਆ-ਬਿੰਦ ਦਾ ਇਲਾਜ ਕਿਵੇਂ ਹੁੰਦਾ ਹੈ ?

### ਐਨਕਾਂ

ਐਨਕਾਂ ਜਾਂ ਕਾਂਟੈਕਟ ਲੈਂਸ ਸ਼ੁਰੂਆਤੀ ਮੋਤੀਆ-ਬਿੰਦ ਕਾਰਨ ਨਜ਼ਰ ਵਿੱਚ ਹੋਈ ਮਾਮੂਲੀ ਤਬਦੀਲੀ ਨੂੰ ਠੀਕ ਕਰ ਸਕਦੇ ਹਨ, ਪਰ ਜੇ ਤੁਹਾਨੂੰ ਗੰਭੀਰ ਮੋਤੀਆ ਹੈ ਤਾਂ ਉਹ ਤੁਹਾਡੀ ਨਜ਼ਰ ਨੂੰ ਤੇਜ਼ ਨਹੀਂ ਕਰ ਸਕਦੇ।

### ਮੋਤੀਆ-ਬਿੰਦ ਦੀ ਸਰਜਰੀ

ਜੇਕਰ ਮੋਤੀਆ ਤੁਹਾਡੀ ਨਜ਼ਰ ਨੂੰ ਇੰਨਾ ਪ੍ਰਭਾਵਿਤ ਕਰ ਰਿਹਾ ਹੈ ਕਿ ਤੁਹਾਡੀ ਰੋਜ਼ਾਨਾ ਦੀ ਰਹਿਣੀ-ਬਹਿਣੀ ‘ਤੇ ਅਸਰ ਪੈ ਰਿਹਾ ਹੈ, ਤਾਂ ਤੁਸੀਂ ਇਸਦੀ ਸਰਜਰੀ ਕਰਵਾਉਣ ਦੀ ਚੋਣ ਕਰ ਸਕਦੇ ਹੋ।



ਮਰੀਜ਼ ਨੂੰ ਹਸਪਤਾਲ ਵਿੱਚ ਦਾਖਲ ਕੀਤੇ ਬਗੈਰ ਹੋਣ ਵਾਲੀ ਇਸ ਸਰਜੀਕਲ ਪ੍ਰਕਿਰਿਆ ਦੇ ਦੌਰਾਨ, ਇੱਕ ਨੇਤਰ ਵਿਗਿਆਨੀ ਅੱਖ ਦੇ ਅਗਲੇ ਪਾਸੇ ਕੌਰਨਿਆ ਨੂੰ ਥੋੜ੍ਹਾ ਜਿਹਾ ਖੋਲ੍ਹ ਕੇ ਮੋਤੀਏ ਨੂੰ ਹਟਾਉਂਦਾ ਹੈ। ਇੱਕ ਅਲਟਰਾਸੋਨਿਕਲੀ ਹਿੱਲਦੀ ਹੋਈ ਸੂਈ ਰਾਹੀਂ ਧੁੰਦਲੇ ਲੈਂਸ ਨੂੰ ਛੋਟੇ ਟੁਕੜਿਆਂ ਵਿੱਚ ਤੋੜਿਆ ਅਤੇ ਹਟਾ ਦਿੱਤਾ ਜਾਂਦਾ ਹੈ ਜੋ ਇੱਕ ਸੂੱਖਮ “ਜੈਕ-ਹਥੌੜੀ” ਦੇ ਤੌਰ ‘ਤੇ ਕੰਮ ਕਰਦੀ ਹੈ। ਕੁਦਰਤੀ ਲੈਂਸ ਦੀ ਕੇਂਦਰਿਤ ਕਰਨ ਦੀ ਪਾਵਰ ਨੂੰ ਬਦਲਣ ਲਈ ਇੱਕ ਸਿੰਥੈਟਿਕ ਇੰਟ੍ਰਾਓਕਿਊਲਰ ਲੈਂਸ (IOL) ਪਾਇਆ ਜਾਂਦਾ ਹੈ।

ਮੋਤੀਆ-ਬਿੰਦ ਦੀ ਸਰਜਰੀ ਇੱਕ ਸਫ਼ਲ ਹੋਣ ਵਾਲਾ ਓਪਰੇਸ਼ਨ ਹੈ। ਕੈਨੇਡਾ ਵਿੱਚ ਹਰ ਸਾਲ ਡੇਢ ਮਿਲੀਅਨ ਜਣੇ ਲੋਕ ਇਹ ਪ੍ਰਕਿਰਿਆ ਕਰਵਾਉਂਦੇ ਹਨ, ਅਤੇ 95% ਤੋਂ ਜ਼ਿਆਦਾ ਮਾਮਲੇ ਸਫ਼ਲ ਹੁੰਦੇ ਹਨ।

## Canadian Ophthalmological Society ਬਾਰੇ

Canadian Ophthalmological Society (COS) ਕੈਨੇਡਾ ਦੀ ਇੱਕ ਅੱਖਾਂ ਅਤੇ ਨਜ਼ਰ ਦੀ ਸੰਭਾਲ ਦੀ ਰਾਸ਼ਟਰੀ, ਮਾਨਤਾ ਪ੍ਰਾਪਤ ਅਧਕਿਾਰਤ ਸੰਸਥਾ ਹੈ, ਅੱਖਾਂ ਦੇ ਡਾਕਟਰ ਅਤੇ ਸਰਜਨ ਦੇ ਤੌਰ 'ਤੇ, ਅਸੀਂ ਸਾਰੇ ਕੈਨੇਡਾ ਵਾਸੀਆਂ ਨੂੰ ਅੱਖਾਂ ਦੀ ਸਰਵੋਤਮ ਮੈਡੀਕਲ ਅਤੇ ਸਰਜੀਕਲ ਦੇਖਭਾਲ ਪ੍ਰਦਾਨ ਕਰਨ ਲਈ ਸਮਰਪਤਿ ਹਾਂ।

Canadian Ophthalmological Society | Société canadienne d'ophtalmologie
EYE PHYSICIANS AND SURGEONS OF CANADA | MÉDECINS ET CHIRURGIENS OPHTALMOLOGISTES DU CANADA

## See The Possibilities

ਇਹ ਕੈਨੇਡਾ ਦੀ ਜਨਤਾ ਲਈ, ਨਜ਼ਰ ਦੀ ਸਹਿਤ, ਅੱਖ ਦੀਆਂ ਗੰਭੀਰ ਬਮਿਾਰੀਆਂ, ਅਤੇ ਹਰੇਕ ਲਈ ਅੱਖਾਂ ਦੀ ਸਹਿਤ ਨੂੰ ਬਹਿਤਰ ਬਣਾਉਣ ਲਈ COS ਕੀ ਕਰ ਰਹੀ ਹੈ, ਬਾਰੇ ਜਾਣਕਾਰੀ ਦਾ ਇੱਕ ਸਰੋਤ ਹੈ।

See The Possibilities




www.seethepossibilities.ca
seethepossibilitiesca
seethepossibilitiesca

© 2021 Canadian Ophthalmological Society
110-2733 Lancaster Road, Ottawa ON K1B 0A9
www.cos-sco.ca